# ਨਾਪ ਅਤੇ ਤੋਲ ਵਿਭਾਗ

ਨਾਪ ਤੋਲ ਸੰਸਥਾ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਸਥਿਤ ਹੈ ਅਤੇ ਇਸ ਦਾ ਮੁੱਖੀ ਕੰਟਰੋਲਰ ਨਾਪ ਤੋਲ (ਲੀਗਲ ਮੈਟਰਾਲੋਜੀ) ਪੰਜਾਬ ਹੈ ਅਤੇ ਇਸ ਦੇ ਤਿੰਨਾਂ ਡਵੀਜ਼ਨਾਂ (ਜਲੰਧਰ, ਪਟਿਆਲਾ ਅਤੇ ਫਿਰੋਜ਼ਪੁਰ) ਵਿਚ ਤਿੰਨ ਸਹਾਇਕ ਕੰਟਰੋਲਰ ਹਨ।

ਜ਼ਿਲ੍ਹੇ/ਤਹਿਸੀਲ ਲੈਵਲ ਤੇ ਇੱਕ ਇੰਸਪੈਕਟਰ ਨਾਪ ਤੋਲ ਦਾ ਦਫ਼ਤਰ ਹੁੰਦਾ ਹੈ, ਜਿਸ ਵਿਚ ਇੱਕ ਇੰਸਪੈਕਟਰ ਅਤੇ ਇੱਕ ਮੈਨੁਅਲ ਸਹਾਇਕ, ਦੋ ਕਰਮਚਾਰੀ ਤਾਇਨਾਤ ਹੁੰਦੇ ਹਨ। ਇਹ ਦਫ਼ਤਰ ਮੁੱਖ ਦਫ਼ਤਰ ਵਲੋਂ ਵਰਕ ਲੋਡ ਅਨੁਸਾਰ ਜ਼ਿਲ੍ਹੇ/ ਤਹਿਸੀਲ ਵਿਚ ਕਾਇਮ ਕੀਤੇ ਹੁੰਦੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇੱਕ ਦਫ਼ਤਰ ਹੁਸ਼ਿਆਰਪੁਰ ਵਿਚ ਅਤੇ ਇੱਕ ਦਸੂਹਾ ਵਿਚ ਹੈ।

ਇੰਸਪੈਕਟਰ ਨਾਪ ਤੋਲ ਸਟੈਂਡਰਡਜ਼ ਆਫ਼ ਵੇਟਸ ਐਂਡ ਮਈਅਰਜ਼ ਲਾਗੂ ਕਰਨ ਸਬੰਧੀ ਐਕਟ 1985 ਅਤੇ ਪੈਕਡ ਕਮਾਡਿਟੀ ਰੂਲਜ਼ 1977 ਅਧੀਨ ਕੰਮ ਕਰਦਾ ਹੈ। ਇਹ ਐਕਟ ਅਤੇ ਰੂਲਜ਼ ਸੈਂਟਰ ਗੌਰਮਿੰਟ ਵਲੋਂ ਬਣਾਏ ਗਏ ਹਨ।

ਸਟੈਂਡਰਡ ਆਫ ਵੇਟਸ ਐਂਡ ਮਈਅਰਜ਼ ਐਕਟ ਅਨੁਸਾਰ ਸਾਰੇ ਦੁਕਾਨਦਾਰਾਂ ਦੇ ਵੱਟੇ ਕੰਡੇ ਆਦਿ ਸਾਲ ਵਿਚ ਇਕ ਵਾਰੀ ਚੈਕ ਕੀਤੇ ਜਾਂਦੇ ਹਨ ਅਤੇ ਇਹ ਦੁਕਾਨਦਾਰਾਂ ਦੀ ਜ਼ਿੰਮੇਵਾਰੀ ਵੀ ਹੈ ਕਿ ਉਹ ਰੂਲਜ਼ ਅਨੁਸਾਰ ਆਪਣੇ ਨਾਪ ਤੋਲ ਦੇ ਉਪਕਰਣ ਠੀਕ ਕਰਵਾ ਕੇ ਇਹਨਾਂ ਉਪਰ ਮਹਿਕਮੇ ਵਲੋਂ ਮੋਹਰ ਲਗਵਾਉਣ। ਜੋ ਇਹਨਾਂ ਰੂਲਾਂ ਦੀ ਪਾਲਣਾ ਨਹੀਂ ਕਰਦੇ ਉਹਨਾਂ ਵਿਰੁੱਧ ਐਕਟ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ ਅਤੇ ਜੇਕਰ ਪਬਲਿਕ ਨੂੰ ਨਾਪ ਤੋਲ ਸਬੰਧੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਇਸ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ।

ਇਹ ਨਾਪ ਤੋਲ ਸੰਸਥਾ ਦੁਕਾਨਦਾਰਾਂ ਦੇ ਨਾਪ ਤੋਲ ਦੇ ਉਪਕਰਣ ਚੈਕ ਕਰਕੇ ਅਤੇ ਜੋ ਵਸਤਾਂ ਪੈਕਟਾਂ ਵਿਚ ਵੇਚੀਆਂ ਜਾਂਦੀਆਂ ਹਨ, ਉਹਨਾਂ ਦੀ ਚੈਕਿੰਗ ਕਰਕੇ ਉਪਭੋਗਤਾਵਾਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ। ਇਸ ਤਰ੍ਹਾਂ ਇਹ ਸੰਸਥਾ ਉਪਭੋਗਤਾਵਾਂ ਨੂੰ ਵਸਤਾਂ ਦਾ ਠੀਕ ਮਾਪ, ਠੀਕ ਤੋਲ ਅਤੇ ਲਿਖੇ ਹੋਏ ਰੇਟ ਅਨੁਸਾਰ ਵਸਤਾਂ ਲੈਣ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਇਹ ਸੰਸਥਾ ਪਬਲਿਕ ਦੀ ਉਹਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਸੇਵਾ ਕਰਦੀ ਹੈ।